# ਸੱਟ ਲੱਗਣ ਤੇ ਤੁਹਾਡੇ ਸਿਹਤ ਲਾਭ

*(1 ਸਿਤੰਬਰ 2018 ਨੂੰ ਪ੍ਰਭਾਵੀ)*

ਨਵੇਂ ਕਨੂੰਨ ਦੇ ਤਹਿਤ, ਨੌਕਰੀਦਾਤਾਵਾਂ ਨੂੰ ਦੁਰਘਟਨਾ ਦੀ ਤਾਰੀਖ ਤੋਂ ਬਾਅਦ ਇੱਕ ਸਾਲ ਤੱਕ*, ਆਪਣੇ ਚੋਟ-ਗ੍ਰਸਤ ਵਰਕਰਾਂ ਨੂੰ ਕੰਮ ਤੇ ਲੱਗੀ ਸੱਟ ਦੇ ਕਾਰਨ ਗੈਰ-ਹਾਜ਼ਰ ਰਹਿਣ ਜਾਂ ਉਨ੍ਹਾਂ ਦੇ ਨਿਯਮਤ ਕਰਤੱਵਾਂ ਕਰਨ ਦੇ ਅਸਮਰੱਥ ਹਨ ਤੇ ਉਨ੍ਹਾਂ ਦੇ ਸਿਹਤ ਲਾਭਾਂ ਦਾ ਭੁਗਤਾਨ ਕਰਨਾ ਜਾਰੀ ਰੱਖਣਾ ਹੋਏਗਾ।

ਜੇ ਤੁਸੀਂ ਸੱਟ ਜਾਂ ਬਿਮਾਰੀ ਤੋਂ ਪਹਿਲਾਂ, ਉਸ ਲਾਭ ਯੋਜਨਾ ਵਿੱਚ ਭੁਗਤਾਨ ਕਰ ਰਹੇ ਸੀ, ਤਾਂ ਤੁਹਾਨੂੰ ਯੋਜਨਾ ਵਿੱਚ ਭੁਗਤਾਨ ਕਰਨਾ ਜਾਰੀ ਰੱਖਣਾ ਹੋਏਗਾ।

ਇਹ ਕਨੂੰਨ 1 ਸਿਤੰਬਰ 2018 ਨੂੰ ਜਾਂ ਉਸਦੇ ਬਾਅਦ ਦੁਰਘਟਨਾ ਦੀ ਤਾਰੀਖ ਦੇ ਨਾਲ ਸਾਰਿਆ ਦਾਅਵਿਆਂ ਤੇ ਲਾਗੂ ਹੁੰਦਾ ਹੈ।

## ਜੇ ਤਹਾਨੂੰ ਕੰਮ ਦੇ ਦੌਰਾਨ ਸੱਟ ਲੱਗ ਜਾਂਦੀ ਹੈ ਤਾਂ ਕਨੂੰਨ ਦੇ ਬਾਰੇ ਤੁਹਾਨੂੰ ਹੋਰ ਕੀ ਜਾਣਨ ਦੀ ਲੋੜ ਹੈ, ਉਹ ਇਸ ਪ੍ਰਕਾਰ ਹੈ:

### 1. ਪਾਲਸੀ 04-02, ਭਾਗ II ਦੇ ਤਹਿਤ ਸਿਹਤ ਦੇਖਭਾਲ ਲਾਭ ਦੀ ਪਰਿਭਾਸ਼ਾ ਕੀ ਹੈ?

ਸਿਹਤ ਦੇਖਭਾਲ ਲਾਭ ਵਿੱਚ ਹੇਠ ਲਿਖੀਆਂ ਸੇਵਾਵਾਂ ਸ਼ਾਮਲ ਹਨ ਜਿਵੇਂ: ਦੰਤ-ਚਿਕਿਤਸਾ, ਦ੍ਰਿਸ਼ਟੀ-ਸਬੰਧੀ ਦੇਖਭਾਲ, ਦਵਾਈਆਂ, ਹਸਪਤਾਲ ਸੇਵਾਵਾਂ, ਸਿਹਤ ਸੇਵਾਵਾਂ (ਜਿਵੇਂ ਨਰਸਿੰਗ ਦੇਖਭਾਲ, ਕੰਨ ਦੀ ਮਸ਼ੀਨ, ਡ੍ਰੈਸਿੰਗ, ਫੁਟ ਓਰਥੋਟਿਕਸ, ਆਦਿ) ਅਤੇ ਪੈਰਾਮੈਡੀਕਲ ਸੇਵਾਵਾਂ (ਮਿਸਾਲ ਦੇ ਤੌਰ ਤੇ ਹਾਡ ਵੈਧ, ਮਾਲਸ਼ ਚਿਕਿਤਸਾ, ਫਿਜ਼ਿਓਥੈਰੇਪੀ, ਆਦਿ)।

ਸਿਹਤ ਦੇਖਭਾਲ ਲਾਭ ਵਿੱਚ ਕਲਿਆਣ ਲਾਭ ਯੋਜਨਾ (ਮਿਸਾਲ ਦੇ ਤੌਰ ਤੇ, ਫਿਟਨੈਸ ਉਪਕਰਨ, ਯੋਗਾ ਕਲਾਸਾਂ ਆਦਿ) ਜਾਂ ਹੋਰ ਸਿਹਤ ਸਬੰਧੀ ਲਾਭਾਂ ਦੇ ਤਹਿਤ ਕਵਰ ਕੀਤੀਆਂ ਗਈਆਂ ਸੇਵਾਵਾਂ ਸ਼ਾਮਲ ਨਹੀਂ ਹਨ ਜੋ ਕਾਰਜਕਰਤਾ ਦੀ ਸਿਹਤ ਲੈਭ ਯੋਜਨਾ ਦੇ ਤਹਿਤ ਸ਼ਾਮਲ ਨਹੀਂ ਹੈ (ਮਿਸਾਲ ਦੇ ਤੌਰ ਤੇ ਜਿਵੇਂ, ਕੁਝ ਡਾਕਟਰ ਦੇ ਪਰਚੇ ਤੋਂ ਬਿਨਾਂ ਦੀਆਂ ਦਵਾਈਆਂ, ਪੈਨਸ਼ਨ, ਜੀਵਨ ਅਤੇ ਯਾਤਰਾ ਬੀਮਾ, ਆਦਿ ਸ਼ਾਮਲ ਹੋ ਸਕਦੇ ਹਨ)।

### 2. ਕੀ ਇਸ ਵਿੱਚ ਮੇਰੇ ਆਸ਼ਰਿਤ ਕਵਰ ਹਨ?

ਜੇ ਤੁਹਾਡੇ ਪਤੀ/ਪਤਨੀ, ਇੱਕ ਦੂਜੇ ਤੇ ਨਿਰਭਰ ਵਿਅਸਕ ਸਾਥੀ ਜਾਂ ਆਸ਼ਰਿਤ ਆਪਣੀ ਸੱਟ ਤੋਂ ਪਹਿਲਾਂ ਤੁਹਾਡੀ ਸਿਹਤ ਲਾਭ ਯੋਜਨਾ ਦੇ ਤਹਿਤ ਕਵਰ ਸਨ, ਤਾਂ ਉਹ ਨਿਰੰਤਰ ਕਵਰੇਜ ਦੇ ਵੀ ਪਾਤਰ ਹਨ।

ਜੇ ਕਿਸੇ ਆਸ਼ਰਿਤ ਦੀ ਦੁਰਘਟਨਾ ਤੋਂ ਪਹਿਲਾਂ ਕਾਰਜਕਰਤਾ ਦੀ ਲਾਭ ਯੋਜਨਾ ਦੇ ਤਹਿਤ ਕਵਰੇਜ ਨਹੀਂ ਸੀ, ਤਾਂ ਦੁਰਘਟਨਾ ਦੇ ਬਾਅਦ ਵੀ ਆਸ਼ਰਿਤ ਦੀ ਕਵਰੇਜ ਨਹੀਂ ਹੋਏਗੀ।

### 3. ਕੀ ਕਿਸੇ ਵਿਅਕਤੀ ਨੂੰ ਨਿਰੰਤਰ ਲਾਭ ਪ੍ਰਾਪਤ ਕਰਨ ਤੋਂ ਛੂਟ ਮਿਲਦੀ ਹੈ?

ਕਨੂੰਨ ਦੇ ਮੁਤਾਬਕ ਨਿਮਨਲਿਖਤ ਲੋਕਾਂ ਨੂੰ ਨਿਰੰਤਰ ਸਿਹਤ ਲਾਭ ਕਵਰੇਜ ਤੋਂ ਬਾਹਰ ਰੱਖਿਆ ਜਾਂਦਾ ਹੈ:

- ਸਵੈਸੇਵੀ ਆਪਾਤਕਾਲੀਨ ਪ੍ਰਤੀਕਿਰਿਆ ਕਰਮੀ (ਉਦਾਹਰਣ ਲਈ, ਸਵੈਸੇਵੀ ਅਗਨੀਸ਼ਾਮਕ, ਐਂਬੂਲੈਂਸ ਡ੍ਰਾਈਵਰ, ਆਦਿ)
- ਅਜਿਹਾ ਕਰਮਚਾਰੀ ਜਿਸਦੀ ਵਿਅਕਤੀਗਤ ਕਵਰੇਜ ਹੈ
- ਉਪ-ਠੇਕੇਦਾਰ—ਇਹ ਸਿਰਫ ਉਨ੍ਹਾਂ ਵਿਅਕਤੀਆਂ ਤੇ ਲਾਗੂ ਹੁੰਦਾ ਹੈ ਜੋ WCB ਦੇ ਨਿਰਧਾਰਨ ਦੇ ਮੁਤਾਬਕ ਸਾਂਝਦਾਰੀ ਵਿੱਚ ਜਾਂ ਮਲਕੀਅਤ ਵਿੱਚ ਕਾਰੋਬਾਰ ਕਰਦੇ ਹਨ। ਇਹ ਉਨ੍ਹਾਂ ਵਿਅਕਤੀਆਂ ਤੇ ਲਾਗੂ ਨਹੀਂ ਹੁੰਦਾ ਜਿਨ੍ਹਾਂ ਦੇ ਨੌਕਰੀਦਾਤਾ ਦੇ ਨਾਲ ਸਬੰਧਾਂ ਨੂੰ WCB ਦੁਆਰਾ ਨਿਰਧਾਰਿਤ ਕੀਤਾ ਗਿਆ ਹੈ ਜਿਵੇਂ ਕਿ ਕਾਰਜਕਰਤਾ/ਨੌਕਰੀਦਾਤਾ ਲਈ ਹੋਣਾ।
- ਵਿਦਿਆਰਥੀ
- ਛੂਟ ਪ੍ਰਾਪਤ ਉਦਯੋਗਾਂ ਵਿੱਚ ਨੌਕਰੀਦਾਤਾ ਅਤੇ ਕਾਮੇ, ਸਿਵਾਏ ਇਸਦੇ ਜਦੋਂ ਬਦਲਵੀਂ ਕਵਰੇਜ ਲਈ ਮੰਜ਼ੂਰ ਅਰਜ਼ੀ ਪ੍ਰਭਾਵੀ ਹੁੰਦੀ ਹੈ।

### 4. ਕੀ ਹੁੰਦਾ ਹੈ ਜੇ ਮੇਰਾ ਨੌਕਰੀਦਾਤਾ ਮੇਰੇ ਸਿਹਤ ਲਾਭ ਮੁਹੱਈਆ ਨਹੀਂ ਕਰਦਾ ਹੈ?

ਜੇ ਤੁਹਾਡਾ ਨੌਕਰੀਦਾਤਾ ਯੋਗਦਾਨ ਦੇਣਾ ਜਾਰੀ ਨਹੀਂ ਰੱਖਦਾ, ਤਾਂ ਉਹ ਤੁਹਾਡੇ ਦੁਆਰਾ ਕੀਤੇ ਗਏ ਕਿਸੇ ਵੀ ਫੁਟਕਰ ਖਰਚਿਆਂ ਲਈ ਜਿੰਮੇਵਾਰ ਹੁੰਦਾ/ਦੀ ਹੈ ਜੋ ਲਾਭ ਯੋਜਨਾ ਦੁਆਰਾ ਕਵਰ ਕੀਤੇ ਗਏ ਹੋਣਗੇ। ਤੁਹਾਡੇ ਨੌਕਰੀਦਾਤਾ ਨੂੰ ਪ੍ਰਸ਼ਾਸਨਿਕ ਦੰਡ ਵੀ ਦਿੱਤਾ ਜਾ ਸਕਦਾ ਹੈ।

ਜੇ ਤੁਹਾਡਾ ਨੌਕਰੀਦਾਤਾ ਤੁਹਾਡੇ ਸਿਹਤ ਲਾਭਾਂ ਦਾ ਵਿਸਤਾਰ ਨਹੀਂ ਕਰਦਾ, ਤਾਂ ਤੁਹਾਡਾ ਕੇਸ ਮੈਨੇਜਰ ਤੁਹਾਡੇ ਦੁਆਰਾ ਕੀਤੇ ਗਏ ਫੁਟਕਰ ਖਰਚਿਆਂ ਨੂੰ ਜਮਾਂ ਕਰਵਾਉਣ ਦੀ ਪ੍ਰਕਿਰਿਆ ਤੇ ਚਰਚਾ ਕਰੇਗਾ।

### 5. ਜੇ ਮੈਂ ਪ੍ਰੀਮੀਅਮ ਦੇ ਆਪਣੇ ਹਿੱਸੇ ਦਾ ਭੁਗਤਾਨ ਕਰਨਾ ਜਾਰੀ ਨਹੀਂ ਰੱਖਦਾ, ਤਾਂ ਕੀ ਹੋਏਗਾ?

ਨਿਰੰਤਰ ਲਾਭਾਂ ਲਈ ਪਾਤਰ ਹੋਣ ਲਈ ਤੁਹਾਨੂੰ ਪ੍ਰੀਮੀਅਮ ਦੇ ਆਪਣੇ ਹਿੱਸੇ ਦਾ ਵੀ ਯੋਗਦਾਨ ਦੇਣਾ ਜਾਰੀ ਰੱਖਣਾ ਹੋਏਗਾ ਜੇ ਤੁਸੀਂ ਇਨ੍ਹਾਂ ਦਾ ਭੁਗਤਾਨ ਆਪਣੀ ਦੁਰਘਟਨਾ ਜਾਂ ਬਿਮਾਰੀ ਤੋਂ ਪਹਿਲਾਂ ਵੀ ਕਰ ਰਹੇ ਸੀ।

ਜੇ ਤੁਸੀਂ ਇਸਨੂੰ ਜਾਰੀ ਨਹੀਂ ਰੱਖਣ ਦੀ ਚੋਣ ਕਰਦੇ ਹੋ, ਤਾਂ ਤੁਹਾਨੂੰ ਕਿਸੇ ਵੀ ਮੌਜੂਦਾ ਸਿਹਤ ਦੇਖਭਾਲ ਲਾਗਤਾਂ ਲਈ ਕਵਰ ਨਹੀਂ ਕੀਤਾ ਜਾਏਗਾ। ਤੁਹਾਡੇ ਯੋਗਦਾਨਾਂ ਨੂੰ ਜਾਰੀ ਰੱਖਣ ਲਈ ਤੁਹਾਡੇ ਲਈ ਨਿਰਧਾਰਿਤ ਪ੍ਰਕਿਰਿਆ ਦੇ ਬਾਰੇ ਆਪਣੇ ਨੌਕਰੀਦਾਤਾ ਨਾਲ ਗੱਲ ਕਰੋ।

ਜੇ ਤੁਸੀਂ ਯੋਗਦਾਨ ਨੂੰ ਜਾਰੀ ਨਾ ਰੱਖਣ ਦਾ ਨਿਰਣਾ ਕਰਦੇ ਹੋ, ਤਾਂ ਕਿਰਪਾ ਕਰਕੇ WCB ਦਾਅਵੇ ਦੇ ਮਾਲਕ ਨੂੰ ਆਪਣੇ ਨਿਰਣੇ ਬਾਰੇ ਸੂਚਿਤ ਕਰਨ ਲਈ ਸੰਪਰਕ ਕਰੋ।

## 6. ਜੇ ਮੇਰੀ ਸੱਟ ਨਾਲ ਸਬੰਧਤ ਕਾਰਨਾਂ ਤੋਂ ਮੈਨੂੰ ਬਰਖਾਸਤ ਕਰ ਦਿੱਤਾ ਜਾਂਦਾ ਹੈ ਤਾਂ ਕੀ ਹੋਏਗਾ? ਕੀ ਮੈਂ ਅਜੇ ਵੀ ਯੋਗ ਹਾਂ?

ਚੋਟਗ੍ਰਸਤ ਵਰਕਰ ਉਨ੍ਹਾਂ ਸਾਰਿਆਂ ਲਾਭਾਂ ਦੇ ਹੱਕਦਾਰ ਹਨ ਜੋ ਉਨ੍ਹਾਂ ਦੇ ਦੁਰਘਟਨਾ ਦੇ ਸਮੇਂ ਤੋਂ ਪਹਿਲਾਂ ਸਨ। ਇਸਦਾ ਮਤਲਬ ਹੈ ਕਿ ਤੁਹਾਡੇ ਨੌਕਰੀਦਾਤਾ ਨੂੰ ਤੁਹਾਡੇ ਸਿਹਤ ਲਾਭ ਪ੍ਰੀਮੀਅਮਾਂ ਦਾ ਭੁਗਤਾਨ ਉਦੋਂ ਤਕ ਜਾਰੀ ਰੱਖਣ ਦੀ ਲੋੜ ਹੈ ਜਦੋਂ ਤਕ:

- ਤੁਸੀਂ ਕੰਮ ਤੋਂ ਗੈਰਹਾਜ਼ਰ ਹੋ ਜਾਂ ਤੁਹਾਡੇ ਨਿਯਮਤ ਨੌਕਰੀ ਦੇ ਕਰਤੱਵਾਂ ਨੂੰ ਪੂਰਾ ਕਰਨ ਵਿੱਚ ਅਸਮਰੱਥ ਹੋ ਜਾਂ ਤੁਹਾਡੇ ਦੁਰਘਟਨਾ ਦੀ ਤਾਰੀਖ਼ ਤੋਂ ਇਕ ਸਾਲ ਲਈ ਜੋ ਵੀ ਪਹਿਲਾਂ ਹੋਵੇ,
- ਤੁਹਾਡੀ ਨੌਕਰੀ ਇਸ ਕਨੂੰਨ ਤੋਂ ਮੁਕਤ ਨਹੀਂ ਹੈ,
- ਤੁਸੀਂ ਦੁਰਘਟਨਾ ਦੇ ਸਮੇਂ ਲਾਭਾਂ ਦੇ ਹੱਕਦਾਰ ਸੀ, ਅਤੇ
- ਤੁਸੀਂ ਦੁਰਘਟਨਾ ਦੇ ਸਮੇਂ ਭੁਗਤਾਨ ਕੀਤੇ ਗਏ ਕਵਰੇਜ ਦੇ ਆਪਣੇ ਹਿੱਸੇ ਦਾ ਯੋਗਦਾਨ ਦੇਣਾ ਜਾਰੀ ਰੱਖਦੇ ਹੋ।

ਕਾਰਜਸਥਾਨ ਤੇ ਦੁਰਘਟਨਾ ਤੋਂ ਬਾਅਦ ਆਪਣੀਆਂ ਜ਼ਿੰਮੇਵਾਰੀਆਂ ਬਾਰੇ ਵਧੇਰੇ ਜਾਣਕਾਰੀ ਲਈ ਇੱਥੇ **ਕਲਿੱਕ** ਕਰੋ।

***ਅਜੇ ਵੀ ਕੋਈ ਸਵਾਲ ਹਨ?*** ਕਿਰਪਾ ਕਰਕੇ ਸਾਨੂੰ 1-866-922-9221 ਤੇ ਟੋਲ-ਫ੍ਰੀ ਕਾਲ ਕਰੋ।

** ਜੇ ਤੁਸੀਂ ਕਵਰੇਜ ਮਿਆਦ ਦੇ ਦੌਰਾਨ ਆਪਣੇ ਨੌਕਰੀਦਾਤਾ ਦੇ ਨਾਲ ਆਪਣੀ ਮਰਜ਼ੀ ਦੇ ਨਾਲ ਆਪਣੇ ਰੁਜਗਾਰ ਸਬੰਧਾਂ ਨੂੰ ਸਮਾਪਤ ਕਰਦੇ ਹੋ, ਤਾਂ ਹੁਣ ਤੁਸੀਂ ਆਪਣੇ ਰੁਜਗਾਰ ਦੇ ਅੰਤਿਮ ਦਿਨ ਤੋਂ ਬਾਅਦ ਨੌਕਰੀਦਾਤਾ ਦੁਆਰਾ ਭੁਗਤਾਨ ਕੀਤੇ ਗਏ ਸਿਹਤ ਲਾਭਾਂ ਦੇ ਹੱਕਦਾਰ ਨਹੀਂ ਹੋਵੋਗੇ।*